# ਅਕੈਮਪ੍ਰੋਸੇਟ (ਕੈਂਪ੍ਰਲ)

## ਇਹ ਕਿਸ ਤਰ੍ਹਾਂ ਕੰਮ ਕਰਦਾ ਹੈ:

ਇਹ ਮੰਨਿਆਂ ਜਾਂਦਾ ਹੈ ਕਿ ਅਕੈਮਪ੍ਰੋਸੇਟ ਦਿਮਾਗ ਵਿੱਚ ਰਸਾਇਣਿਕ ਸੰਤੁਲਨ ਨੂੰ ਮੁੜ ਬਹਾਲ ਕਰਦਾ ਹੈ ਜੋ ਕਿ ਭਾਰੀ ਸ਼ਰਾਬ ਪੀਣ ਕਾਰਨ ਬਦਲ ਗਿਆ ਸੀ। ਇਹ ਉਨ੍ਹਾਂ ਲੋਕਾਂ ਲਈ ਸਭ ਤੋਂ ਵਧੀਆ ਹੈ ਜੋ ਸ਼ਰਾਬ ਨੂੰ ਪੂਰੀ ਤਰ੍ਹਾਂ ਛੱਡਣਾ ਚਾਹੁੰਦੇ ਹਨ ਬਜਾਏ ਉਨ੍ਹਾਂ ਦੇ ਜੋ ਸ਼ਰਾਬ ਪੀਣੀ ਘਟਾਉਣਾ ਚਾਹੁੰਦੇ ਹਨ।

## ਕੀ ਤਵੱਕੋ ਕਰਨੀ ਚਾਹੀਦੀ ਹੈ?:

- ਆਮ ਤੌਰ 'ਤੇ ਲੋਕ ਸ਼ਰਾਬ ਪੂਰੀ ਤਰ੍ਹਾਂ ਛੱਡਣ ਦੇ ਕੁਝ ਦਿਨਾਂ ਬਾਅਦ (ਮਿਸਾਲ ਵਜੋਂ, ਡੀਟੌਕਸ ਤੋਂ ਬਾਅਦ) ਅਕੈਮਪ੍ਰੋਸੇਟ ਲੈਣਾ ਸ਼ੁਰੂ ਕਰਦੇ ਹਨ। ਤੁਸੀਂ ਸ਼ਰਾਬ ਪੀਣ ਦੌਰਾਨ ਵੀ ਇਸ ਨੂੰ ਸ਼ੁਰੂ ਕਰ ਸਕਦੇ ਹੋ।
- ਜੇਕਰ ਤੁਸੀਂ ਮੁੜ ਕੇ ਸ਼ਰਾਬ ਪੀਣਾ ਸ਼ੁਰੂ ਕਰ ਦਿੰਦੇ ਹੋ ਤਾਂ ਤੁਸੀਂ ਨੁਸਖੇ (ਪ੍ਰਿਸਕ੍ਰਾਈਬ ਕੀਤੇ) ਮੁਤਾਬਕ ਅਕੈਮਪ੍ਰੋਸੇਟ ਲੈਣਾ ਜਾਰੀ ਰੱਖ ਸਕਦੇ ਹੋ ਅਤੇ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਤਾਲਮੇਲ ਕਰ ਸਕਦੇ ਹੋ।
- ਅਕੈਮਪ੍ਰੋਸੇਟ ਸ਼ਰਾਬ ਦੇ ਪ੍ਰਭਾਵਾਂ ਨੂੰ ਘਟਾਉਣ ਜਾਂ ਤੁਹਾਨੂੰ ਸੋਫੀ (ਸੋਬਰ) ਨਹੀਂ ਕਰੇਗਾ ਅਤੇ ਇਹ ਸ਼ਰਾਬ ਛੱਡਣ ਦੇ ਲਛੱਣਾਂ ਦਾ ਇਲਾਜ ਵੀ ਨਹੀਂ ਕਰਦਾ।
- ਨਾਲਟ੍ਰੈਕਸੋਨ ਨਾਲ ਅਕੈਮਪ੍ਰੋਸੇਟ ਨੂੰ ਰਲਾਉਣਾ ਆਮ ਤੌਰ 'ਤੇ ਜ਼ਿਆਦਾਤਰ ਲੋਕਾਂ ਲਈ ਮਦਦਗਾਰ ਨਹੀਂ ਹੁੰਦਾ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਅਕੈਮਪ੍ਰੋਸੇਟ ਨੂੰ ਥੈਰੇਪੀ (ਜਿਵੇਂ ਕਿ ਕੌਂਸਲਿੰਗ ਜਾਂ ਆਪਸੀ ਮਦਦ ਸਮੂੰਹ) ਨਾਲ ਮਿਲਾ ਕੇ ਵਰਤਣ 'ਤੇ ਹੋਰ ਵਧੀਆ ਕੰਮ ਕਰਦਾ ਹੈ।
- ਕੁਝ ਲੋਕਾਂ ਨੂੰ ਲਗਦਾ ਹੈ ਕਿ ਕਿਸੇ ਹੋਰ ਲਈ ਕਰਨ ਦੇ ਬਜਾਏ ਆਪਣੇ ਆਪ ਲਈ ਸ਼ਰਾਬ ਛੱਡਣ ਜਾਂ ਘਟਾਉਣ ਲਈ ਪ੍ਰੇਰਨਾ ਕਰਨ ਨਾਲ ਜ਼ਿਆਦਾ ਕਾਮਯਾਬੀ ਮਿਲ ਸਕਦੀ ਹੈ।
- ਕੁਝ ਲੋਕਾਂ ਨੂੰ ਅਕੈਮਪ੍ਰੋਸੇਟ ਲੰਮੇਂ ਸਮੇਂ ਤਕ ਵਰਤਣੀ ਪੈ ਸਕਦੀ ਹੈ। ਲੰਮੇ ਸਮੇਂ ਤੱਕ ਇਸ ਦੀ ਵਰਤੋਂ ਨੂੰ ਦਵਾਈ ਕਵਰੇਜ ਸਕੀਮਾਂ 'ਚ (ਇਨਸ਼ੋਰੈਂਸ) ਪੂਰੀ ਤਰ੍ਹਾਂ ਕਵਰ ਸ਼ਾਇਦ ਨਾਂ ਕੀਤਾ ਜਾਵੇ।

## ਅਸਿੱਧੇ ਨਾਂਹ ਪੱਖੀ ਅਸਰ:

- ਅਸਿੱਧੇ ਨਾਂਹ ਪੱਖੀ ਅਸਰ ਆਮ ਤੌਰ 'ਤੇ ਹਲਕ-ਫੁਲਕੇ ਹੁੰਦੇ ਹਨ ਅਤੇ ਪਹਿਲੇ ਕੁਝ ਹਫਤਿਆਂ 'ਚ ਹੀ ਚਲੇ ਜਾਂਦੇ ਹਨ।
- ਆਮ ਤੌਰ 'ਤੇ: ਪੇਟ ਸਮੱਸਿਆਵਾਂ (ਦਸਤ, ਉਲਟੀ, ਪੇਟ ਦਾ ਦਰਦ)।
- ਥੋੜ੍ਹਿਆਂ 'ਤੇ ਅਸਰ: ਨੀਂਦ ਆਉਣ ਵਿੱਚ ਤਕਲੀਫ, ਚਿੰਤਾ, ਉਦਾਸੀ ਅਤੇ ਚੱਕਰ ਆਉਣੇ।
- ਕਦੀ-ਕਦਾਈਂ: ਆਤਮ-ਘਾਤਕ ਫੁਰਨੇ ਜਾਂ ਵਿਹਾਰ। ਜੇਕਰ ਤੁਸੀਂ ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਬਾਰੇ ਸੋਚ ਰਹੇ ਹੋ ਤਾਂ ਬਿਨਾ ਦੇਰੀ ਆਪਣੇ ਸਿਹਤ ਸੰਭਾਲ ਮਾਹਿਰ ਜਾਂ ਐਮਰਜੈਂਸੀ ਨਾਲ ਸੰਪਰਕ ਕਰੋ।

## ਅਕੈਮਪ੍ਰੋਸੇਟ ਦੀ ਚੋਣ ਕਿਉਂ ਕਰੀਏ?

- ਲੋਕਾਂ ਨੂੰ ਸ਼ਰਾਬ ਤੋਂ ਪਰਹੇਜ਼ ਕਰਨ ਵਿੱਚ ਮਦਦ ਕਰਦਾ ਹੈ।
- ਜਿਗਰ (ਲਿਵਰ) ਦੀ ਬੀਮਾਰੀ ਵਾਲੇ ਲੋਕਾਂ ਲਈ ਸੁਰੱਖਿਅਤ ਹੈ।
- ਜੇ ਤੁਸੀਂ ਇਸ ਦਵਾਈ ਨੂੰ ਲੈਂਦਿਆਂ ਸ਼ਰਾਬ ਪੀ ਵੀ ਲੈਂਦੇ ਹੋ ਤਾਂ ਇਹ ਤੁਹਾਨੂੰ ਬੀਮਾਰੀ ਦਾ ਅਹਿਸਾਸ ਨਹੀਂ ਕਰਾਉਂਦਾ।
- ਅਕੈਮਪ੍ਰੋਸੇਟ ਦਾ ਅਮਲ ਜਾਂ ਆਦੀ ਹੋਣ ਦਾ ਖਤਰਾ ਨਹੀਂ ਹੈ।
- ਜੇਕਰ ਤੁਸੀਂ ਅਕੈਮਪ੍ਰੋਸੇਟ ਲੈਣਾ ਬੰਦ ਕਰ ਦਿੰਦੇ ਹੋ ਤਾਂ ਸ਼ਰਾਬ ਛੱਡਣ ਦੇ ਲੱਛਣ ਨਹੀਂ ਹੋਣਗੇ।

## ਮਾਤਰਾ:

- ਅਕੈਮਪ੍ਰੋਸੇਟ ਦਿਨ ਵਿੱਚ ਤਿੰਨ ਵਾਰ ਲਿਆ ਜਾਂਦਾ ਹੈ।
  - ਜ਼ਿਆਦਾਤਰ ਲੋਕ 2 ਗੋਲੀਆਂ (666ਮਗ) ਦਿਨ ਵਿੱਚ ਤਿੰਨ ਵਾਰ ਲੈਂਦੇ ਹਨ ਜਿਸਦੀ ਕੁੱਲ ਮਾਤਰਾ 2000 ਮਗ ਹੁੰਦੀ ਹੈ, ਪਰ ਕੁਝ ਲੋਕ 1 ਗੋਲੀ (333 ਮਗ) ਦਿਨ ਵਿੱਚ ਤਿੰਨ ਵਾਰ ਲੈਣ 'ਤੇ ਕੁੱਲ ਮਾਤਰਾ 1000 ਮਗ ਰੱਖ ਕੇ ਵੀ ਚੰਗੇ ਨਤੀਜੇ ਹਾਸਲ ਕਰਦੇ ਹਨ।

## ਖਤਰੇ:

- ਜੇਕਰ ਤੁਸੀਂ ਗੁਰਦਿਆਂ ਦੀ ਗੰਭੀਰ ਬੀਮਾਰੀ ਨਾਲ ਪੀੜਤ ਹੋ ਤਾਂ ਅਕੈਮਪ੍ਰੋਸੇਟ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ। ਜੇਕਰ ਤੁਹਾਨੂੰ ਹਲਕੀ-ਫੁਲਕੀ ਜਾਂ ਥੋੜ੍ਹੀ ਜਿਹੀ ਵੱਧ ਗੁਰਦਿਆਂ ਦੀ ਬੀਮਾਰੀ ਹੈ ਤਾਂ ਤੁਸੀ ਸ਼ਾਇਦ ਅਕੈਮਪ੍ਰੋਸੇਟ ਦੀ ਘੱਟ ਮਾਤਰਾ ਲੈ ਸਕਦੇ ਹੋ।
- ਮਾਹਿਰਾਂ ਵੱਲੋਂ ਹਜੇ ਕੋਈ ਠੋਸ ਨਿਰਣਾ ਨਹੀਂ ਕੀਤਾ ਗਿਆ ਕਿ ਇਸ ਦੀ ਵਰਤੋ ਗਰਭਵਤੀ, ਛਾਤੀ ਨਾਲ ਦੁੱਧ ਪਿਲਾਉਣ ਵਾਲਿਆਂ, 19 ਸਾਲ ਤੋ ਘੱਟ ਉਮਰ ਦੇ ਲੋਕਾਂ ਜਾਂ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਕਿੰਨਾ ਸੁਰੱਖਿਅਤ ਹੈ। ਜੇਕਰ ਤੁਸੀਂ ਇਨ੍ਹਾਂ ਵਿੱਚੋ ਕਿਸੇ ਵੀ ਹਿੱਸੇ ਵਿੱਚ ਆਉਂਦੇ ਹੋ ਤਾਂ ਇਸ ਬਾਰੇ ਆਪਣੇ ਸਿਹਤ ਸੰਭਾਲ ਮਾਹਿਰ ਨਾਲ ਗਲੱਬਾਤ ਕਰੋ।

## ਲਾਗਤ:

ਕੁਝ ਸਿਹਤ ਸੰਭਾਲ ਸਕੀਮਾਂ (ਇਨਸ਼ੋਰੈਂਸ) ਇਸ ਨੂੰ ਸੀਮਿਤ ਸਮੇਂ ਲਈ ਹੀ ਕਵਰ ਕਰਦੀਆਂ ਹਨ। ਖਰਚੇ ਅਤੇ ਕਵਰੇਜ ਨੂੰ ਜਾਨਣ ਲਈ ਆਪਣੀ ਸਕੀਮ ਦੀ ਜਾਂਚ ਕਰੋ।